# 'ਸਪੋਕਸਮੈਨ' ਦੇ ਸੰਪਾਦਕ ਦੇ ਨਾਂ ਖੁੱਲ੍ਹਾ-ਖ਼ਤ

ਪਰਮ ਸਤਿਕਾਰਯੋਗ,

ਸ. ਜੋਗਿੰਦਰ ਸਿਘ ਜੀ (ਸੰਪਾਦਕ ਸਪੋਕਸਮੈਨ)

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਦਾਸ ਲਗਭਗ ਪੰਜ ਸਾਲ ਤੋਂ ਆਪ ਜੀ ਦੇ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਮੈਗਜ਼ੀਨ (ਸਪੋਕਸਮੈਨ) ਦਾ ਪਾਠਕ ਹੈ। ਆਪ ਜੀ ਵੱਲੋਂ ਲਿਖੇ ਜਾਂਦੇ ਸ਼ੰਕਿਆਂ ਭਰਪੂਰ ਲੇਖਾਂ ਦੇ ਸੰਬੰਧ ਵਿਚ ਬਹੁਤ ਵਾਰ ਕੁਝ ਗੱਲਾਂ ਲਿਖਣ ਦਾ ਯਤਨ ਕਰਦਾ ਰਿਹਾ ਹਾਂ, ਪਰ ਕਦੇ ਵੀ ਆਪਣੇ ਵਿਚਾਰ ਲਿਖ ਕੇ ਭੇਜ ਨਾ ਸਕਿਆ। ਇਸ ਦਾ ਕਾਰਨ ਆਪ ਜੀ ਦਾ ਹਮੇਸ਼ਾਂ ਹੀ ਇਕ ਪਾਸੇ ਨੂੰ ਉਲਾਰ ਹੋ ਕੇ ਲਿਖਣ ਦਾ ਰਵੱਈਆ ਹੈ। ਆਪ ਜੀ ਬਹੁਤ ਵਾਰ ਕਈ ਬੰਦਿਆਂ ਨੂੰ ਬਹੁਤਾ ਮਹਾਨ ਬਣਾ ਕੇ ਪੇਸ਼ ਕਰਦੇ ਹੋ, ਪਰ ਜਦੋਂ ਉਹ ਬੰਦਾ (ਵਿਅਕਤੀ) ਆਪ ਜੀ ਦੇ ਸੋਚਣ ਅਨੁਸਾਰ ਕੰਮ ਨਹੀਂ ਕਰਦਾ ਤਾਂ ਆਪ ਜੀ ਉਸ ਦੇ ਪ੍ਰਤੀ ਭੰਡੀ ਪ੍ਰਚਾਰ ਸ਼ੁਰੂ ਕਰ ਦਿੰਦੇ ਹੋ, ਜਿਸ ਦਾ ਜ਼ਿਕਰ ਮੈਂ ਅਗਲੀ ਚਿੱਠੀ ਵਿਚ ਕਰਾਂਗਾ।

ਮੈਂ ਆਪ ਜੀ ਦਾ ਜੁਲਾਈ ੨੦੦੨ ਅੰਕ ਪੜ੍ਹਿਆ। ਉਸ ਵਿਚ ਆਪ ਜੀ ਵੱਲੋਂ ਲਿਖਿਆ ਟਿੱਪਣੀਆਂ ਦੇ ਸਿਰਲੇਖ ਹੇਠ "ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਗੱਲਾਂ ਕੁਝ ਲੋਕਾਂ ਦੀਆਂ ਸਮਝ ਵਿਚ ਕਿਉਂ ਨਹੀਂ ਆਉਂਦੀਆਂ " ਟਿਪਣੀ ਪੜ੍ਹ ਕੇ ਬਹੁਤ ਦੁੱਖ ਹੋਇਆ ਕਿ ਜਿਸ ਮੈਗਜ਼ੀਨ ਨੂੰ ਰੋਜ਼ਾਨਾ ਅਖ਼ਬਾਰ ਬਣਾਉਣ ਲਈ ਸੰਗਤਾਂ ਨੂੰ ਪ੍ਰੇਰਿਆ ਜਾ ਰਿਹਾ ਹੈ, ਉਹ ਮੈਗਜ਼ੀਨ ਹੀ ਅੱਜ ਸਿੱਖ ਵਿਸ਼ਵਾਸ, ਸਿੱਖ ਪ੍ਰੰਪਰਾਵਾਂ ਤੇ ਸਿੱਖ ਸਿਧਾਂਤਾਂ ਦਾ ਘਾਣ ਕਰਨ 'ਤੇ ਤੁਲਿਆ ਹੋਇਆ ਹੈ। ਅੱਜ ਇਹੋ ਜਿਹੇ ਮੈਗਜ਼ੀਨ ਦੇ ਸੰਪਾਦਕ ਨੂੰ ਸ. ਕਾਲਾ ਅਫ਼ਗਾਨਾ ਤੋਂ ਇਲਾਵਾ ਕੌਮ ਵਿਚ ਕੋਈ ਗੁਰਮੁਖ ਪਿਆਰਾ ਵਿਦਵਾਨ ਨਜ਼ਰ ਨਹੀਂ ਆਉਂਦਾ। ਜੇਕਰ ਕੋਈ ਕਾਲਾ ਅਫ਼ਗਾਨਾ ਦੀਆਂ ਲਿਖੀਆਂ ਗ਼ਲਤ ਗੱਲਾਂ ਦਾ ਗੁਰੂ ਆਸ਼ੇ ਅਨੁਸਾਰ ਜਵਾਬ ਲਿਖ ਕੇ ਆਪ ਜੀ ਨੂੰ ਭੇਜਦਾ ਹੈ, ਤਾਂ ਆਪ ਜੀ ਉਸ ਗੁਰਮੁਖ ਪਿਆਰੇ ਦਾ ਲਿਖਿਆ ਜਾਂ ਤਾਂ ਛਾਪਦੇ ਨਹੀਂ ਤੇ ਜੇਕਰ ਛਾਪਦੇ ਵੀ ਹੋ ਤਾਂ ਉਸਨੂੰ ਏਨਾ ਕੱਟ-ਵੱਢ ਕੇ ਛਾਪਦੇ ਹੋ ਕਿ ਪੜ੍ਹਨ ਵਾਲਿਆਂ ਨੂੰ ਲੱਗੇ ਕਿ ਲਿਖਣ ਵਾਲੇ ਨੂੰ ਕੋਈ ਗੁਰਮਤਿ ਦੀ ਸੋਝੀ ਨਹੀਂ ਹੈ। ਕਈ ਵਾਰ ਸੋਚਦੇ ਹਾਂ ਕਿ ਇਹੋ ਜਿਹੇ ਮੈਗਜ਼ੀਨ ਰੋਜ਼ਾਨਾ ਅਖ਼ਬਾਰ ਬਣ ਕੇ ਕੌਮ ਦਾ ਕੀ ਸੰਵਾਰਨਗੇ? ਇਸ ਤੋਂ ਪਹਿਲਾਂ ਸਿੱਖ ਕੌਮ ਨੇ ਪੰਜਾਬੀ ਟ੍ਰਿਬਿਊਨ ਅਤੇ ਰੋਜ਼ਾਨਾ ਅਜੀਤ ਜਿਹੇ ਅਖ਼ਬਾਰਾਂ ਨੂੰ ਕੌਮ ਦੇ ਮੈਗਜ਼ੀਨ ਸਮਝ ਕੇ ਵੇਖ ਲਿਆ ਹੈ, ਪਰ ਇਹਨਾਂ ਅਖ਼ਬਾਰਾਂ ਨੇ ਸਿੱਖ ਕੌਮ ਦਾ ਜੋ ਨੁਕਸਾਨ ਕੀਤਾ ਹੈ, ਉਹ ਕਿਸੇ ਤੋਂ ਭੁੱਲਿਆ ਨਹੀਂ ਹੈ। ਲੰਬੇ ਸਮੇਂ ਤੋਂ ਵੇਖਣ ਵਿਚ ਆ ਰਿਹਾ ਹੈ ਕਿ ਤੁਸੀਂ ਲਿਖਣ ਲੱਗਿਆਂ ਕੌਮੀ ਵਿਸ਼ਵਾਸ, ਪ੍ਰੰਪਰਾਵਾਂ ਤੇ ਸਿਧਾਂਤਾਂ ਦਾ ਕੋਈ ਖਿਆਲ ਨਹੀਂ ਰੱਖਦੇ।

ਦਾਸ ਵੱਲੋਂ ਲਿਖੇ ਪ੍ਰਤੀਕਰਮ ਦਾ ਜਵਾਬ ਉਡੀਕਿਆ ਜਾਵੇਗਾ।

(ਨੋਟ: ਜਿਹੜੀਆਂ ਲਾਈਨਾਂ ਅੰਡਰ-ਲਾਈਨ ਕੀਤੀਆਂ ਹਨ। ਉਹ ਤੁਹਾਡੇ ਵੱਲੋਂ ਲਿਖੀ ਟਿਪਣੀ ਪੰਨਾ ਨੰ: ੮-੯-੧੦ ਅੰਕ ਜੁਲਾਈ ੦੨ ਦੀ ਹੂ-ਬ-ਹੂ ਨਕਲ ਹਨ।)

ਆਪ ਜੀ ਵੱਲੋਂ ਉਭਾਰੇ ਸ਼ੰਕਿਆਂ ਪ੍ਰਤੀ ਸੰਗਤਾਂ ਲਈ ਅਤੇ ਆਪ ਜੀ ਲਈ ਖਿਆਲ ਹਾਜ਼ਰ ਹਨ।

'ਗੁਰਮਤਿ' ਹੈ ਹੀ ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂਆਂ ਦੀ ਬਾਣੀ)।

ਇਸ ਗੱਲ ਤੋਂ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦੀ ਬਾਣੀ, ਗੁਰਸਿੱਖਾਂ ਦੀ ਬਾਣੀ ਅਤੇ ਭੱਟਾਂ ਦੀ ਬਾਣੀ (ਸਵਈਏ) ਨੂੰ ਆਪ ਜੀ ਗੁਰਬਾਣੀ ਹੀ ਨਹੀਂ ਮੰਨਦੇ।

ਜਿਹੜੇ ਵਿਅਕਤੀ ਦਾ ਗੁਰੂ ਗਰੰਥ ਸਾਹਿਬ ਜੀ ਪ੍ਰਤੀ ਪੂਰਾ ਵਿਸ਼ਵਾਸ ਨਹੀਂ ਹੈ, ਉਸ ਵਿਅਕਤੀ ਪ੍ਰਤੀ ਗੁਰਬਾਣੀ ਦਾ ਫੁਰਮਾਣ ਹੈ:

*ਗੁਰ ਤੇ ਮੁਹੁ ਫੇਰੇ ਜੇ ਕੋਈ*

*ਗੁਰ ਕਾ ਕਹਿਆ ਨ ਚਿਤਿ ਧਰੈ ॥*
*ਕਰਿ ਆਚਾਰੁ ਬਹੁ ਸੰਪਉ ਸੰਚੈ,*
*ਜੋ ਕਿਛੁ ਕਰੈ ਸੁ ਨਰਕਿ ਪਰੈ ॥*

*(ਪ੍ਰਭਾਤੀ ਮਹਲਾ ੩, ਪੰਨਾ ੧੩੩੪)*

*ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥*
*ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥*
*ਓਨਾ ਆਪਣੀ ਅੰਦਰਿ ਸੁਧਿ ਨਹੀ*
*ਗੁਰ ਬਚਨਿ ਨ ਕਰਹਿ ਵਿਸਾਸੁ ॥*

*(ਮਹਲਾ ੩, ਪੰਨਾ ੧੩੧੪)*

ਜੇਕਰ ਆਪ ਜੀ ਅਹਿਸਾਸ ਕਰੋ ਤਾਂ ਏਨਾ ਹੀ ਗੁਰ ਉਪੇਦਸ਼ ਕਾਫੀ ਹੈ। ਭਗਤਾਂ ਦੀ ਬਾਣੀ, ਗੁਰਸਿੱਖਾਂ ਦੀ ਬਾਣੀ ਤੇ ਭੱਟਾਂ ਦੀ ਬਾਣੀ ਪ੍ਰਤੀ ਗੁਰੂ ਸਾਹਿਬ ਜੀ ਦਾ ਉਪਦੇਸ਼:

*ਤਿਨ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ,*
*ਜੋ ਅਨਦਿਨੁ ਹਰਿ ਗੁਣ ਗਾਵਣਿਆ ॥*

*(ਮਾਝ ਮਹਲਾ ੩, ਅਸਟਪਦੀ ਪੰਨਾ ਨੰ: ੧੨੩-੧੨੪)*

*ਸਬਦੇ ਹੀ ਭਗਤ ਜਾਪਦੇ,*
*ਜਿਨ ਕੀ ਬਾਣੀ ਸਚੀ ਹੋਇ॥*
*ਵਿਚਹੁ ਆਪੁ ਗਇਆ ਨਾਉ ਮੰਨਿਆ,*
*ਸਚਿ ਮਿਲਾਵਾ ਹੋਇ॥*

*(ਆਸਾ ਮਹਲਾ ੩, ਅਸਟਪਦੀ, ਪੰਨਾ ੪੨੯)*

*ਹਉਮੈ ਸਬਦਿ ਜਲਾਇਆ, ਮੇਰੇ ਹਰਿ ਭਾਇਆ, ਜਿਸ ਦੀ ਸਾਚੀ ਬਾਣੀ॥*
*ਸਚੀ ਭਗਤਿ ਕਰਹਿ ਦਿਨੁ ਰਾਤੀ,*
*ਗੁਰਮੁਖਿ ਆਖਿ ਵਖਾਣੀ॥*

*(ਸੂਹੀ ਮਹਲਾ ੩, ਛੰਤ, ਪੰਨਾ ੭੬੮)*

ਇਹਨਾਂ ਗੱਲਾਂ ਨੂੰ ਦੇਖ ਕੇ ਹੀ ਗੁਰੂ ਸਾਹਿਬ ਜੀ ਨੇ ਇਹਨਾਂ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਵਿਚ ਦਰਜ ਕੀਤਾ ਹੈ। ਬਾਕੀ ਆਪ ਜੀ ਪ੍ਰੋ: ਸਾਹਿਬ ਸਿੰਘ, ਪ੍ਰੋ: ਪਿਆਰਾ ਸਿੰਘ ਪਦਮ ਅਤੇ ਹੋਰ ਵਿਦਵਾਨਾਂ ਦੇ ਭਗਤ ਬਾਣੀ ਆਦਿ ਬਾਰੇ ਵਿਚਾਰ ਪੜ੍ਹ ਸਕਦੇ ਹੋ।

**ਅਸੀਂ ਇਕ ਜਾਂ ਦੂਜੇ ਵਿਅਕਤੀ ਵਿਸ਼ੇਸ਼ ਨਾਲ ਜੁੜੇ ਹੋਏ ਹਾਂ। ਕੋਈ ਸੰਤ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦਾ ਚੇਲਾ ਹੈ, ਕੋਈ ਭਾਈ ਰਣਧੀਰ ਸਿੰਘ ਦਾ, ਕੋਈ ਭਾਈ ਵੀਰ ਸਿੰਘ ਦਾ ਪ੍ਰਸ਼ੰਸਕ ਹੈ ਤਾਂ ਕੋਈ ਸ. ਕਪੂਰ ਸਿੰਘ ਜਾਂ ਕਵੀ ਚੂੜਾ ਮਣੀ ਸੰਤੋਖ ਸਿੰਘ ਦਾ।**

ਪਰ ਆਪ ਜੀ ਨੇ ਆਪਣੀ ਪੀੜ੍ਹੀ ਥੱਲੇ ਸੋਟਾ ਨਹੀਂ ਫੇਰਿਆ, ਕਿਉਂਕਿ ਆਪ ਜੀ ਵੀ ਕਾਲਾ ਅਫ਼ਗਾਨਾ ਦੇ ਚੇਲੇ ਹੋ। ਸੰਤ ਗੁਰਬਚਨ ਸਿੰਘ ਤੇ ਭਾਈ ਰਣਧੀਰ ਸਿੰਘ ਜੀ ਦਾ ਜੋ ਸਿੰਘ ਸਤਿਕਾਰ ਕਰਦੇ ਹਨ ਉਹਨਾਂ ਪ੍ਰਤੀ ਤੁਸੀਂ ਚੇਲਾ ਸ਼ਬਦ ਵਰਤਿਆ ਹੈ। ਇਸੇ ਲਈ ਚੇਲਾ ਸ਼ਬਦ ਤੁਹਾਡੇ ਲਈ ਵਰਤਿਆ ਹੈ।

ਇਹ ਸਾਰੀਆਂ ਹੀ ਮਹਾਨ ਹਸਤੀਆਂ ਹਨ ਪਰ ਇਹਨਾਂ 'ਚੋਂ ਹਰ ਇਕ ਨੇ ਗੁਰਮਤਿ ਦੇ ਉਲਟ ਗੱਲਾਂ ਵੀ ਕਈ ਥਾਈਂ ਲਿਖੀਆਂ ਹੋਈਆਂ ਹਨ।

ਪਰ ਆਪ ਜੀ ਇਹਨਾਂ ਨੂੰ ਗ਼ਲਤ ਕਹਿਣ ਲੱਗਿਆਂ ਇਹ ਭੁੱਲ ਹੀ ਗਏ ਕਿ ਇਹ ਵਿਅਕਤੀ ਵਿਸ਼ੇਸ਼ ਤਾਂ ਜ਼ਰੂਰ ਸਨ, ਪਰ ਗੁਰੂ ਨਹੀਂ ਸਨ। ਹਾਂ ਕਈ ਵਾਰ ਆਪਣੀ ਸੋਚ ਸੌੜੀ ਹੋਣ ਕਾਰਨ ਜਾਂ ਅਗਲੇ ਦੀ ਗੱਲ ਨਾ ਸਮਝ ਵਿਚ ਆਉਣ ਤੇ ਗੁਰਮਤਿ ਵਿਰੋਧੀ ਲੱਗਣ ਲੱਗ ਪੈਂਦੀ ਹੈ।

ਪਰ ਇਹਨਾਂ ਦੀ ਜੋ ਦੇਣ ਕੌਮ ਦੀ ਚੜ੍ਹਦੀ ਕਲਾ ਕਰਨ ਹਿੱਤ ਹੈ, ਉਸ ਨੂੰ ਤੁਸੀਂ ਇਸ ਤਰ੍ਹਾਂ ਦੀਆਂ ਗੱਲਾਂ ਲਿਖ ਕੇ ਜਿਥੇ ਆਪ ਅਹਿਸਾਨ ਫਰਾਮੋਸ਼ ਬਣ ਰਹੇ ਹੋ ਉਥੇ ਆਉਣ ਵਾਲੀ ਪਨੀਰੀ ਨੂੰ ਅਹਿਸਾਨ ਫਰਾਮੋਸ਼ ਬਣਾਉਣ ਲਈ ਕੋਈ ਕਸਰ ਨਹੀਂ ਛੱਡ ਰਹੇ।

ਕਾਲਾ ਅਫ਼ਗਾਨਾ ਹਰ ਗੁਰਮਤਿ ਵਿਰੋਧੀ ਗੱਲ ਨੂੰ ਪ੍ਰਗਟ ਕਰਦਾ ਹੈ ਤੇ ਕਿਸੇ ਮਹਾਨ ਵਿਅਕਤੀ ਦੀ ਮਹਾਨਤਾ ਨੂੰ ਆਪਣੇ ਰਸਤੇ ਦੀ ਰੁਕਾਵਟ ਨਹੀਂ ਬਣਨ ਦਿੰਦਾ।

ਆਪ ਜੀ ਕਾਲਾ ਅਫ਼ਗਾਨਾ ਦੇ ਗੁਰਮਤਿ ਫਲਸਫ਼ੇ ਪ੍ਰਤੀ ਏਨੇ ਅੰਧ ਵਿਸ਼ਵਾਸ਼ੀ ਹੋ ਕਿ ਆਪ ਜੀ ਨੂੰ ਜਾਂ ਤਾਂ ਪਤਾ ਨਹੀਂ ਹੈ ਕਿ ਕਾਲਾ ਅਫ਼ਗਾਨਾ ਨੇ ਆਪ ਗੁਰਮਤਿ ਵਿਰੁੱਧ ਕਿੰਨਾ ਕੁਝ ਲਿਖਿਆ ਹੈ, ਜੇ ਪਤਾ ਹੈ ਤਾਂ ਆਪ ਦੀ ਸੋਚ ਪ੍ਰਤੀ ਸਾਡੇ ਮਨਾਂ ਵਿਚ ਸ਼ੰਕਿਆਂ ਦਾ ਉਤਪੰਨ ਹੋਣਾ ਲਾਜ਼ਮੀ ਹੈ।

ਉਪਰ ਲਿਖੇ ਵਿਸ਼ੇਸ਼ ਵਿਅਕਤੀਆਂ ਦੇ ਪ੍ਰਸੰਸਕਾਂ ਨੇ ਕਾਲਾ ਅਫ਼ਗਾਨਾ ਵੱਲੋਂ ਉਪਰ ਲਿਖੇ ਵਿਸ਼ੇਸ਼ ਵਿਅਕਤੀਆਂ ਦੀਆਂ ਗੁਰਬਾਣੀ, ਗੁਰਮਤਿ ਵਿਰੋਧੀ ਗੱਲਾਂ ਦਾ ਖੰਡਨ ਕਰਨ ਕਰਕੇ ਉਹਨਾਂ ਦੇ ਪ੍ਰਸ਼ੰਸਕ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦੇ ਸੱਚ ਨੂੰ ਕਦੇ ਸਮਝ ਨਹੀਂ ਸਕਣਗੇ। ਹੁਣ ਆਰ.ਐਸ.ਐਸ. ਵਾਲੇ ਵੀ ਉਹਨਾਂ ਨਾਲ ਸ਼ਾਮਿਲ ਹੋ ਗਏ ਹਨ।

ਸਾਡੀ ਕੌਮ ਦੀ ਬਦਕਿਸਮਤੀ ਹੈ ਕਿ ਜਦੋਂ ਕਿਸੇ ਦੇ ਕਿਸੇ ਨਾਲ ਵਿਚਾਰ ਮਿਲਦੇ ਨਹੀਂ ਤਾਂ ਉਹਨਾਂ ਪ੍ਰਤੀ ਉੱਤਰ ਦੇਣ ਦੀ ਬਜਾਏ ਇਹ ਕਿਹਾ ਜਾਂਦਾ ਹੈ ਕਿ ਇਹ ਸਰਕਾਰ ਨਾਲ ਮਿਲੇ ਹਨ। ਜਾਂ ਸਰਕਾਰ ਇਹਨਾਂ ਨਾਲ ਮਿਲੀ ਹੈ। ਇਹ ਆਰ.ਐਸ.ਐਸ. ਦੇ ਏਜੰਟ ਹਨ। ਜਾਂ ਆਰ.ਐਸ.ਐਸ. ਇਹਨਾਂ ਨਾਲ ਮਿਲੀ ਹੈ। ਉਹ ਇਹਨਾਂ ਕੋਲੋਂ ਕਾਲਾ ਅਫ਼ਗਾਨਾ ਦਾ ਵਿਰੋਧ ਕਰਵਾਉਂਦੀ ਹੈ। ਤੁਹਾਡੇ ਕਹਿਣ 'ਤੇ ਕੋਈ ਸਰਕਾਰੀ ਜਾਂ ਆਰ.ਐਸ.ਐਸ. ਨਾਲ ਮਿਲਿਆ ਨਹੀਂ ਹੋ ਸਕਦਾ।

ਸ. ਕਾਲਾ ਅਫ਼ਗਾਨਾ ਗੁਰਬਾਣੀ ਦੇ ਅਨੇਕਾਂ ਪ੍ਰਮਾਣ ਦੇ ਕੇ ਕਹਿੰਦੇ ਹਨ ਕਿ ਗੁਰਬਾਣੀ ਕੇਵਲ 'ਨਾਮ' ਨੂੰ ਹੀ ਅੰਮ੍ਰਿਤ ਮੰਨਦੀ ਹੈ। ਹੋਰ ਕਿਸੇ ਸ਼ੈਅ ਨੂੰ ਨਹੀਂ।

ਆਪ ਜੀ ਲੰਬੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਖਰੜੇ ਨੂੰ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਕਹਿ ਕੇ ਬਹੁਤ ਸਾਰੀਆਂ ਪੰਥਕ ਜਥੇਬੰਦੀਆਂ ਦੀ ਆਲੋਚਨਾ ਕਰਦੇ ਆ ਰਹੇ ਹੋ, ਕਿ ਇਹ ਜਥੇਬੰਦੀਆਂ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਨੂੰ ਇੰਨ-ਬਿੰਨ ਰੂਪ ਵਿਚ ਨਾ ਮੰਨਦੀਆਂ ਹਨ ਤੇ ਨਾ ਹੀ ਆਪਣੀਆਂ ਸੰਸਥਾਵਾਂ ਵਿਚ ਲਾਗੂ ਕਰਦੀਆਂ ਹਨ।

ਪਰ ਆਪ ਜੀ ਅਤੇ ਆਪ ਵੱਲੋਂ 'ਵਿਦਵਾਨਾਂ ਦੀ ਅਕਾਸ਼ ਗੰਗਾ ਦਾ ਬਣਾਇਆ ਧ੍ਰੂ ਤਾਰਾ' (ਕਾਲਾ ਅਫ਼ਗਾਨਾ) ਉਸ ਪੰਥਕ ਰਹਿਤ ਮਰਿਯਾਦਾ ਦੇ ਪੰਥਕ ਰਹਿਣੀ ਵਿਚ 'ਅੰਮ੍ਰਿਤ ਸੰਸਕਾਰ' ਦੇ ਪ੍ਰਤੀ ਸਿੱਖ ਸੰਗਤਾਂ ਨੂੰ ਬਾਗੀ ਕਰਵਾਉਣ ਲਈ ਕੋਈ ਕਸਰ ਨਹੀਂ ਛੱਡ ਰਹੇ। ਆਪ ਜੀ ਦੱਸਣ ਦੀ ਖੇਚਲ ਕਰੋਗੇ ਕਿ ਗ਼ਲਤੀ ਨਾਲ ਪਾਹੁਲ ਸੰਸਕਾਰ ਦੀ ਥਾਂ 'ਤੇ ਅੰਮ੍ਰਿਤ ਸੰਸਕਾਰ ਲਿਖ ਦਿੱਤਾ ਜਾਂ ਬ੍ਰਾਹਮਣਾਂ, ਆਰੀਆ ਸਮਾਜੀਆਂ, ਈਸਾਈਆਂ ਤੇ ਆਰ.ਐਸ.ਐਸ. ਵਾਲਿਆਂ ਨੇ ਪੰਥਕ ਰਹਿਤ ਮਰਿਯਾਦਾ ਦੇ ਖਰੜੇ ਵਿਚ ਰਲ਼ਾ ਪਾ ਦਿੱਤਾ ਹੈ?

(ੳ) ਸਾਰੀਆਂ ਪੁਰਾਤਨ ਲਿਖਤਾਂ ਵਿਚ ਪਾਹੁਲ ਦਾ ਹੀ ਜ਼ਿਕਰ ਹੈ....

(ਅ) ਕੀ ਗੁਰਮਤਿ ਇਹ ਮੰਨਦੀ ਹੈ ਕਿ ਕੋਈ ਖਾਸ ਬਾਣੀ ਪੜ੍ਹਨ ਨਾਲ ਹੀ ਪਾਣੀ ਅੰਮ੍ਰਿਤ ਬਣ ਜਾਂਦਾ ਹੈ, ਇਸ ਬ੍ਰਾਹਮਣੀ ਵਿਚਾਰ ਦਾ ਗੁਰਬਾਣੀ ਪੂਰੀ ਤਰ੍ਹਾਂ ਖੰਡਨ ਕਰਦੀ ਹੈ। ਫਿਰ ਕੀ ਗੁਰੂ ਗਰੰਥ ਸਾਹਿਬ ਜੀ ਤੋਂ ਬਾਹਰ ਦੀ ਕੋਈ ਰਚਨਾ ਸਾਡੇ ਲਈ 'ਬਾਣੀ' ਦਾ ਦਰਜਾ ਰੱਖਦੀ ਹੈ, ਕਿਹਾ ਜਾਏਗਾ ੩੦੦ ਸਾਲਾਂ ਤੋਂ ਇੰਜ ਹੁੰਦਾ ਆਇਆ ਹੈ।

(ੳ) ਉਹਨਾਂ ਲਿਖਤਾਂ ਵਿਚੋਂ ਆਪ ਜੀ ਨੇ ਅਤੇ ਕਾਲਾ ਅਫ਼ਗਾਨਾ ਨੇ ਆਪਣੇ ਮਤਲਬ ਦੀਆਂ ਹੀ ਲਾਈਨਾਂ ਜਾਂ ਪੰਕਤੀਆਂ ਵੇਖੀਆਂ ਹਨ, ਜਦਕਿ ਸਮਕਾਲੀ ਸਿੱਖਾਂ ਦੇ ਹੀ ਹੇਠ ਲਿਖੇ ਸਬੂਤ ਹਨ:

*ਪ੍ਰਿਥਮ ਰਹਿਤ ਯਹ ਜਾਨ, ਖੰਡੇ ਕੀ ਪਾਹੁਲ ਛਕੇ ॥*
*ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ ॥*
*ਪਾਂਚ ਸਿੰਘ ਜੋ 'ਅੰਮ੍ਰਿਤ' ਦੇਵੈ॥*
*ਤਾਂ ਕੋ ਸਿਰ ਧਰਿ ਛਕਿ ਪੁਨ ਲੇਵੈ॥*

ਭਾਈ ਦੇਸਾ ਸਿੰਘ ਜੀ ਦਾ ਰਹਿਤਨਾਮਾ ਦੱਸਦਾ ਹੈ ਕਿ 'ਪਾਹੁਲ' ਅਤੇ 'ਅੰਮ੍ਰਿਤ' ਵਿਚ ਕੋਈ ਫ਼ਰਕ ਨਹੀਂ ਹੈ।

ਇਕ ਹੁਕਮਨਾਮਾ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਾਬਲ ਦੀ ਸੰਗਤ ਦੇ ਨਾਮ ਦਿੱਤਾ, ਉਸ ਵਿਚ ਗੁਰੂ ਸਾਹਿਬ ਜੀ ਨੇ ਸਪੱਸ਼ਟ ਲਿਖਿਆ:

*"ਤੁਸਾਂ ਖੰਡੇ ਦਾ 'ਅੰਮ੍ਰਿਤ' ਪੰਜਾਂ ਤੋਂ ਲੈਣਾ"*

ਜੇਕਰ ਅਹਿਸਾਸ ਕਰਨਾ ਹੋਵੇ ਤਾਂ ਇਹ ਪੰਗਤੀਆਂ ਜਾਂ ਸਬੂਤ ਪ੍ਰਮਾਣ ਬਹੁਤ ਹਨ, ਜੇਕਰ ਨਾ ਕਰਨਾ ਹੋਵੇ ਤਾਂ ਇਹਨਾਂ ਨੂੰ ਬ੍ਰਾਹਮਣ ਦੀ ਲਿਖਤ ਜਾਂ ਨਕਲੀ ਕਹਿ ਕੇ ਰੱਦ ਕੀਤੀ ਜਾ ਸਕਦੀ ਹੈ। ਕਿਉਂਕਿ ਸਾਡੀ ਜ਼ਿੰਮੇਵਾਰੀ ਸੰਗਤਾਂ ਵਿਚ ਦੁਬਿਧਾਵਾਂ ਫੈਲਾਉਣ ਦੀ ਹੈ।

(ਅ) ਆਪ ਜੀ ਦੀ ਅਤੇ ਕਾਲਾ ਅਫ਼ਗਾਨਾ ਜੀ ਦੀ ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ ਕਿ ਜੇਕਰ ਪਾਣੀ ਵਿਚ ਪਤਾਸੇ ਪਾ ਕੇ ਖੰਡਾ ਫੇਰਦੇ ਸਮੇਂ ਬਾਣੀ ਪੜ੍ਹਨ ਨਾਲ ਪਾਣੀ ਅੰਮ੍ਰਿਤ ਨਹੀਂ ਬਣਦਾ ਤਾਂ ਪਾਹੁਲ ਕਿਵੇਂ ਬਣ ਜਾਂਦਾ ਹੈ। ਪਾਣੀ ਤਾਂ ਪਾਣੀ ਹੀ ਰਹਿਣਾ ਚਾਹੀਦਾ ਹੈ?

<u>ਕਾਲਾ ਅਫ਼ਗਾਨਾ ਦਾ ਮਤ ਹੈ ਕਿ ਗੁਰੂ ਨੇ ਇਸ ਤਰ੍ਹਾਂ ਨਹੀਂ ਸੀ ਕੀਤਾ। ਇਸ ਦੇ ਸਬੂਤ ਵਜੋਂ ਗੁਰੂ ਜੀ ਦੇ ਸਮਕਾਲੀ ਸਿੱਖਾਂ ਦੀਆਂ ਲਿਖਤਾਂ ਵੇਖ ਲਉ।</u>

<u>ਤੀਜੇ ਨੇ ਲਿਖਿਆ ਕਿ ਅੱਖਾਂ ਬੰਦ ਕਰਕੇ ਕੋਈ ਬਾਣੀ ਚੁਪਚਾਪ ਪੜ੍ਹੀ ਸੀ (ਪਤਾ ਨਹੀਂ ਕਿਹੜੀ), ਚੌਥੇ ਨੇ ਲਿਖਿਆ ਹੈ ਕਿ ਸਵੱਈਏ ਪੜ੍ਹੇ ਸਨ।</u>

ਅਫਸੋਸ ਕਿ ਸਮਕਾਲੀ ਸਿੱਖਾਂ ਨੂੰ ਤੇ ਪਤਾ ਨਹੀਂ ਲੱਗਾ ਕਿ ਗੁਰੂ ਅੱਖਾਂ ਬੰਦ ਕਰਕੇ ਕੀ ਕਰਦੇ, ਕੀ ਪੜ੍ਹਦੇ ਰਹੇ, ਪਰ ਕਾਲਾ ਅਫ਼ਗਾਨਾ ਜੀ ਨੂੰ ਜ਼ਰੂਰ ਅਲਹਾਮ ਹੋ ਗਿਆ ਕਿ ਗੁਰੂ ਜੀ ਨੇ ਇਹ ਨਹੀਂ ਇਹ ਕੀਤਾ ਸੀ। ਸਾਰੀ ਕੌਮ ਨਿਤਨੇਮ ਦੀ ਬਾਣੀ ਪੜ੍ਹਦੀ ਹੈ, ਪਰ ਇਹ ਹੈ ਨਿਰਮਲਿਆਂ ਤੇ ਸਾਧਾਂ ਦੀ ਸ਼ਰਾਰਤ ਕਿ ਕੌਮ ਵਿਸ਼ੇਸ਼ ਕੰਮ ਕਰਨ ਲੱਗ ਪਈ। ਇਸ ਤੋਂ ਪਤਾ ਲੱਗਦਾ ਹੈ ਕਿ ਆਪ ਜੀ ਨਿਤਨੇਮੀ ਵੀ ਨਹੀਂ ਹੋ। ਗੁਰੂ ਕਾ ਹੁਕਮ ਹੈ। ਪ੍ਰਭਾਤੇ ਉਠ ਕੇ:

*ਕਰ ਇਸਨਾਨ ਪੜੇ ਜਪੁ ਜਾਪ,*
*ਸੰਧਿਆ ਸਮੇਂ ਸੁਨੇ ਰਹਰਾਸਿ ॥*

ਪੰਥ ਦਾ ਹੁਕਮ ਹੈ ਨਾਲ ਸ੍ਵਯੈ ਅਤੇ ਸੌਣ ਸਮੇਂ ਸੋਹਿਲਾ ਜੀ ਦਾ ਨਿਤਨੇਮ ਕਰਨਾ। ਹਾਲਤ ਐਸੀ ਹੈ:

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*

...........

*ਨਾਮੁ ਨ ਜਾਨਿਆ ਰਾਮ ਕਾ ॥*
*ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥*

<u>ਕੀ ਅਸੀਂ ਦਰਬਾਰ ਸਾਹਿਬ ਵਿਚ 'ਬੋਲੇ ਸੋ ਨਿਹਾਲ' ਤੇ 'ਰਾਜ ਕਰੇਗਾ ਖਾਲਸਾ' ਮੁੜ ਗੂੰਜਦਾ ਨਹੀਂ ਸੁਣਨਾ ਚਾਹੁੰਦੇ?</u>

<u>ਇਹ ਵੀ ਅੰਗਰੇਜ਼ਾਂ ਨੇ ਮਹੰਤਾਂ ਨੂੰ ਕਹਿ ਕੇ ਬੰਦ ਕਰਵਾਇਆ ਸੀ।</u>

ਜਾਪਦਾ ਹੈ ਜਿਹੜੀਆਂ ਗੱਲਾਂ ਆਪ ਜੀ ਦੀ ਅਤੇ ਕਾਲਾ ਅਫਗਾਨਾ ਦੀ ਸਮਝ ਤੋਂ ਬਾਹਰ ਹਨ, ਜਾਂ ਜਿਨ੍ਹਾਂ ਦੇ ਰਹੱਸ ਬਾਰੇ ਤੁਹਾਨੂੰ ਸਮਝ ਨਹੀਂ ਆਉਂਦੀ, ਉਹ ਸਾਰੀਆਂ ਗੱਲਾਂ ਮਹੰਤਾਂ ਨੇ, ਬ੍ਰਾਹਮਣਾਂ ਨੇ ਅਤੇ ਅੰਗਰੇਜ਼ਾਂ ਨੇ ਸਿੱਖ ਪੰਥ ਦੇ ਸਿਸਟਮ ਵਿਚ ਦਾਖਲ ਕਰ ਦਿੱਤੀਆਂ ਕਹਿ ਕੇ ਤੁਸੀਂ ਅਤੇ ਕਾਲਾ ਅਫ਼ਗਾਨਾ ਅਖੌਤੀ ਵਿਦਵਤਾ ਅਤੇ ਅਖੌਤੀ ਵਿਗਿਆਨਕ ਸੋਚ ਰਾਹੀਂ ਪੰਥ ਦੇ ਬਣੇ ਸਿਸਟਮ ਦੀ ਤੋੜ-ਫੋੜ ਕਰਨੀ ਚਾਹੁੰਦੇ ਹੋ।

ਆਪ ਜੀ ਅਤੇ ਕਾਲਾ ਅਫ਼ਗਾਨਾ ਜੀ ਨੂੰ ਪਤਾ ਹੋਵੇਗਾ ਕਿ ਜਦੋਂ ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਦੇ ਗੁਰਸਿੱਖ ਆਗੂਆਂ ਨੇ ਮਨਮਤ ਅਤੇ ਸਰਕਾਰੀ ਕਬਜ਼ੇ ਦਾ ਗੁਰਦੁਆਰਿਆਂ ਵਿਚੋਂ ਖ਼ਾਤਮਾ ਕਰਨ ਸਮੇਂ, ਗੁਰਸਿੱਖ ਜੇਕਰ ਦਰਬਾਰ ਸਾਹਿਬ ਵਿਚੋਂ ਮੂਰਤੀਆਂ ਚੁੱਕ ਸਕਦੇ ਸਨ, ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਸਕਦੇ ਸਨ, ਅਕਾਲ ਤਖ਼ਤ ਸਾਹਿਬ 'ਤੇ ਨਗਾਰਾ ਵਜਾਉਣਾ ਦੁਬਾਰਾ ਸ਼ੁਰੂ ਕਰ ਸਕਦੇ ਸਨ, ਹਰਿਮੰਦਰ ਸਾਹਿਬ ਵਿਚੋਂ ਦੀਵਿਆਂ ਵਾਲੀ ਆਰਤੀ ਹਟਾ ਸਕਦੇ ਸਨ, ਹਰਿਮੰਦਰ ਸਾਹਿਬ ਵਿਚ ਅਰਦਾਸ ਸਮੇਂ ਬੋਲਣਾ ਸ਼ੁਰੂ ਕਰ ਸਕਦੇ ਸਨ: 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ ਅਤੇ ਖ਼ਾਲਸਾ

ਜੀ ਦੇ ਬੋਲ ਬਾਲੇ' ਅਤੇ ਜਿਨ੍ਹਾਂ ਗੁਰਸਿੱਖਾਂ ਨੇ ਉਸ ਕੰਪਲੈਕਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 'ਬੋਲੇ ਸੋ ਨਿਹਾਲ ਅਤੇ ਰਾਜ ਕਰੇਗਾ ਖ਼ਾਲਸਾ' ਬੋਲਣਾ ਸ਼ੁਰੂ ਕਰ ਦਿੱਤਾ।

ਅਜਿਹੇ ਆਪਣੀ ਜ਼ਿੰਦਗੀ ਵਿਚ ਐਸਾ ਕੁਝ ਕਰ ਵਿਖਾਉਣ ਵਾਲੇ ਗੁਰਸਿੱਖ ਪਿਆਰਿਆਂ ਨੇ ਕੀ ਬ੍ਰਾਹਮਣ, ਮਹੰਤਾਂ ਜਾਂ ਅੰਗਰੇਜ਼ਾਂ ਕੋਲੋਂ ਡਰ ਕੇ ਹੀ ਇਹ ਦੋ ਸ਼ਬਦ ਸ੍ਰੀ ਹਰਿਮੰਦਰ ਸਾਹਿਬ ਵਿਚ ਬੋਲਣੇ ਸ਼ੁਰੂ ਨਾ ਕੀਤੇ? ਪਤਾ ਨਹੀਂ ਆਪ ਜੀ ਕੋਲ ਇਸ ਦਾ ਕੀ ਜਵਾਬ ਹੋਵੇਗਾ।

ਪਰ ਇਕ ਗੱਲ ਹੈ ਤੁਹਾਨੂੰ ਇਸ ਤਰ੍ਹਾਂ ਦੀ ਵਿਗਿਆਨਕ ਸੋਚ ਰੱਖ ਕੇ ਇਸ ਰਹੱਸ ਦੀ ਸਮਝ ਨਹੀਂ ਆ ਸਕਦੀ। ਗੁਰਬਾਣੀ, ਗੁਰ ਇਤਿਹਾਸ ਤੇ ਇਤਿਹਾਸ ਨੂੰ ਨੇਕ ਤੇ ਪ੍ਰੇਮ ਦਿਲੀ ਨਾਲ ਹੀ ਪੜ੍ਹਕੇ, ਇਸ ਰਹੱਸ ਨੂੰ ਸਮਝਿਆ ਜਾ ਸਕਦਾ ਹੈ।

ਆਪ ਜੀ ਨੇ ਲਿਖਿਆ ਕਿ, **ਸ. ਕਾਲਾ ਅਫ਼ਗਾਨਾ ਨੇ ਸਾਨੂੰ ਰਾਹ ਵਿਖਾਇਆ ਹੈ।**

ਮੈਨੂੰ ਬੜੀ ਹੈਰਾਨਗੀ ਹੋਈ ਤੁਹਾਡੀ ਇਹ ਗੱਲ ਪੜ੍ਹ ਕੇ ਤੇ ਨਾਲ ਆਪਣੀ ਕੌਮ ਦੀ ਬਦਕਿਸਮਤੀ ਦਾ ਪਤਾ ਲੱਗਾ ਕਿ ਸਮੁੱਚੀ ਸਿੱਖ ਕੌਮ ਵਿਚ ਸਿੱਖ ਕੌਮ ਨੂੰ ਰਾਹ ਵਿਖਾਉਣ ਲਈ ਅਕਾਲ ਪੁਰਖ ਨੇ ਗੁਰੂ ਸਾਹਿਬ ਤੋਂ ਬਾਅਦ ਇਕ ਵੀ ਵਿਦਵਾਨ ਪੈਦਾ ਨਾ ਹੋਣ ਦਿੱਤਾ? ਗੁਰੂ ਕਿਰਪਾ ਕਰੇ ਪਹਿਲਾਂ ਪੈਦਾ ਹੋਏ ਕੌਮ ਦੇ ਵਿਦਵਾਨ ਵੀ ਤੁਹਾਡੀ ਨਜ਼ਰੇ ਚੜ੍ਹ ਸਕਣ।

**ਪੂਰਨ ਸੱਚ ਤਕ ਅਪੜਨਾ ਸਾਡਾ ਟੀਚਾ ਹੋਣਾ ਚਾਹੀਦਾ ਹੈ ਤੇ ਸੱਚ ਦਾ ਮਾਰਗ ਇਕੋ ਹੈ- ਗੁਰਬਾਣੀ ਉੱਤੇ ਮੁਕੰਮਲ ਭਰੋਸਾ।**

ਆਪ ਜੀ ਅਤੇ ਆਪ ਵੱਲੋਂ ਪੈਦਾ ਕੀਤੇ ਵਿਦਵਾਨਾਂ ਦੀ ਅਕਾਸ਼ ਗੰਗਾ ਦਾ ਧ੍ਰੂ ਤਾਰਾ ਸ. ਕਾਲਾ ਅਫ਼ਗਾਨਾ ਗੁਰੂ ਅਤੇ ਗੁਰਬਾਣੀ ਨੂੰ ਅਲੱਗ-ਅਲੱਗ ਤਰ੍ਹਾਂ ਵੇਖਦੇ ਮਹਿਸੂਸ ਹੁੰਦੇ ਹੋ ਕਿਉਂਕਿ ਆਪ ਜੀ ਗੁਰੂ ਸਾਹਿਬ ਜੀ ਦੀ ਬਾਣੀ ਤੋਂ ਇਲਾਵਾ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪ੍ਰਵਾਣ ਚੜ੍ਹੀ ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਗੁਰੂ ਸਰੂਪ ਨਹੀਂ ਮੰਨਦੇ।

ਅਸਲ ਵਿਚ ਆਪ ਜੀ ਅਤੇ ਸ. ਕਾਲਾ ਅਫ਼ਗਾਨਾ ਦਾ ਮਨੋਰਥ ਸਿੱਖ ਸਮਾਜ ਨੂੰ ਬ੍ਰਾਹਮਣੀ ਪ੍ਰਭਾਵ ਹੇਠੋਂ ਕੱਢਣ ਦਾ ਨਹੀਂ ਹੈ, ਸਗੋਂ ਸਿੱਖ ਸਮਾਜ ਨੂੰ ਸ੍ਰੀ ਗੁਰੂ ਗਰੰਥ ਸਾਹਿਬ , ਸਿੱਖ ਪਰੰਪਰਾਵਾਂ, ਸਿੱਖ ਅਕੀਦਿਆਂ, ਸਿੱਖ ਰਹਿਤ ਮਰਿਯਾਦਾ ਅਤੇ ਸਿੱਖ ਵਿਸ਼ਵਾਸ ਤੋਂ ਤੋੜਨ ਦਾ ਹੈ।

ਸੋ ਬਾਕੀ ਗੱਲ ਰਹੀ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀਆ ਗੱਲਾਂ ਲੋਕਾਂ ਦੀ ਸਮਝ ਵਿਚ ਆਉਣ ਦੀ। ਅਸਲ ਵਿਚ ਹੁਣ ਜਾਗੇ ਸਿੱਖਾਂ ਨੂੰ ਕਾਲਾ ਅਫ਼ਗਾਨਾ ਦੀਆਂ ਗੱਲਾਂ ਸਮਝ ਵਿਚ ਆਉਣ ਕਰਕੇ ਹੀ ਗੁਰਸਿੱਖ ਵਿਦਵਾਨਾਂ ਦਾ ਮਨ ਸਤਿਗੁਰੂ ਗਰੰਥ ਸਾਹਿਬ ਉਪਰ ਸ਼ਰਧਾ ਤੇ ਸਿਧਾਂਤ ਦਾ ਭਰੋਸਾ ਰੱਖ ਕੇ ਆਪ ਜੀ ਨੂੰ ਅਤੇ ਕਾਲਾ ਅਫ਼ਗਾਨਾ ਜੀ ਨੂੰ ਪੰਥ ਦੀ ਕਚਹਿਰੀ 'ਚ ਖੜ੍ਹੇ ਕਰਨ ਲਈ ਤਿਆਰ-ਬਰ-ਤਿਆਰ ਹੈ। ਸਮਾਂ ਦੂਰ ਨਹੀਂ ਜਦੋਂ ਇਹੋ ਜਿਹੇ ਅਖੌਤੀ ਵਿਦਵਾਨ ਅਖੌਤੀ ਤੇ ਸਿੱਖ ਸੋਚ ਦੀ ਅਸਲ ਗੱਲ ਸੰਗਤਾਂ ਸਾਹਮਣੇ ਆ ਜਾਵੇਗੀ।

ਹਾਂ, ਇਕ ਗੱਲ ਹੈ ਕਿ ਸਿੱਖ ਪੰਥ ਨੂੰ ਕਦੇ ਕਿਸੇ ਨੇ ਸਿੱਧੇ ਤੌਰ 'ਤੇ ਘੱਟ ਹੀ ਜ਼ਹਿਰ ਦੇਣ ਦਾ ਯਤਨ ਕੀਤਾ ਹੈ, ਜਦੋਂ ਵੀ ਯਤਨ ਕੀਤਾ ਹੈ, ਜ਼ਹਿਰ ਨੂੰ ਮਿੱਠੇ ਵਿਚ ਮਿਲਾ ਕੇ ਹੀ ਦਿੱਤਾ ਹੈ।

ਆਸ ਹੈ ਕਿ ਆਪ ਜੀ ਆਪਣੀ ਸੋਚ ਦਾ ਸੰਤੁਲਨ ਠੀਕ ਕਰਦੇ ਹੋਏ ਨਿਰਪੱਖ ਰਹਿ ਕੇ ਬਾਕੀਆਂ ਦੇ ਵਿਚਾਰ ਵੀ ਠੀਕ ਢੰਗ ਛਾਪਣ ਦਾ ਯਤਨ ਕਰੋਗੇ। ਸੰਗਤਾਂ ਠੀਕ ਅਤੇ ਗ਼ਲਤ ਦਾ ਆਪ ਹੀ ਫੈਸਲਾ ਕਰ ਲੈਣਗੀਆਂ।

ਜੇਕਰ ਆਪ ਜੀ ਨੇ ਮੇਰਾ ਪੱਤਰ ਥਾਂ ਦੀ ਘਾਟ ਕਾਰਨ ਨਾ ਛਾਪਣਾ ਹੋਵੇ ਤਾਂ ਆਪ ਜੀ ਪੱਤਰ ਰਾਹੀਂ ਮੇਰੇ ਵੱਲੋਂ ਕੀਤੇ ਪ੍ਰਤੀਕਰਮ ਦਾ ਜਵਾਬ ਭੇਜਣ ਦੀ ਕਿਰਪਾਲਤਾ ਕਰਨੀ। ਜਿਸ ਲਈ ਮੈਂ ਆਪ ਜੀ ਦਾ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਜਵਾਬ ਆਉਣ 'ਤੇ ਹੀ ਮੈਂ ਆਪ ਜੀ ਨੂੰ ਦੂਸਰਾ ਪੱਤਰ ਲਿਖਾਂਗਾ। ਜੇਕਰ ਆਪ ਜੀ ਨੇ ਨਾ ਪੱਤਰ ਛਾਪਿਆ ਤੇ ਨਾ ਹੀ ਇਸ ਪੱਤਰ ਦਾ ਜਵਾਬ ਦਿੱਤਾ ਤਾਂ ਫਿਰ ਕਿਸੇ ਵੇਲੇ ਆਪ ਜੀ ਨਾਲ ਪੰਥਕ ਪਿੜ ਵਿਚ ਵਿਚਾਰਾਂ ਦੀ ਸਾਂਝ ਕੀਤੀ ਜਾਵੇਗੀ ਅਤੇ ਪੰਥ ਨੂੰ ਦੱਸਿਆ ਜਾਵੇਗਾ ਕਿ ਜਿਹੜਾ ਪਰਚਾ ਰੋਜ਼ਾਨਾ ਅਖ਼ਬਾਰ ਬਣਨ ਜਾ ਰਿਹਾ ਹੈ, ਉਸ ਦੀ ਸੋਚ ਦੀ ਅਸਲੀਅਤ ਇਹ ਹੈ।

ਪੱਤਰ ਲਿਖਦਿਆਂ ਹੋਈਆਂ ਭੁੱਲਾਂ ਦੀ ਖਿਮਾ ਕਰਨੀ।

*ਆਪ ਜੀ ਸ਼ੁਭਚਿੰਤਕ*

*ਕਸ਼ਮੀਰ ਸਿੰਘ,*

*੧੧੭, ਦਸਮੇਸ਼ ਐਵੀਨਿਊ, ਡਾ. ਰੇਅਨ ਐਂਡ ਸਿਲਕ ਮਿਲਜ਼, ਅੰਮ੍ਰਿਤਸਰ।*